# **ਸਿੱਖਣ ਪਰਿਣਾਮ ਆਧਾਰਿਤ ਅਭਿਆਸ ਸ਼ੀਟ -1**

## **ਜਮਾਤ : ਚੌਥੀ**

**ਨੋਟ : ਹੇਠਾਂ ਹਰ ਇੱਕ ਪ੍ਰਸ਼ਨ ਦੇ 4 ਵਿਕਲਪ ਦਿੱਤੇ ਹਨ। ਚਾਰ ਵਿਕਲਪਾਂ ਵਿੱਚੋਂ ਸਹੀ ਵਿਕਲਪ 'ਤੇ ਚੱਕਰ ਲਾਓ:-**

**ਹੇਠਾਂ ਦਿੱਤੇ ਗਏ ਪੈਰੇ ਨੂੰ ਧਿਆਨ ਨਾਲ਼ ਪੜ੍ਹੋ।**

ਪਿੰਡ ਤੋਂ ਬਾਹਰ ਪਿੱਪਲ਼ ਦਾ ਇੱਕ ਰੁੱਖ ਸੀ। ਉਸ ਰੁੱਖ ਉੱਤੇ ਇੱਕ ਕਾਲ਼ੀ ਚਿੜੀ ਦਾ ਆਲ੍ਹਣਾ ਸੀ। ਸਾਰਾ ਦਿਨ ਉਹ ਚੋਗੇ ਦੀ ਭਾਲ਼ ਵਿੱਚ ਇੱਧਰ-ਉੱਧਰ ਘੁੰਮਦੀ ਰਹਿੰਦੀ ਪਰ ਰਾਤ ਨੂੰ ਇਕੱਲੀ ਹੋਣ ਕਰਕੇ ਉਹ ਬਹੁਤ ਹੀ ਉਦਾਸ ਹੋ ਜਾਂਦੀ। ਇੱਕ ਸਵੇਰ ਉਸਨੇ ਦੇਖਿਆ ਕਿ ਰੁੱਖ ਦੀ ਹੇਠਲੀ ਟਾਹਣੀ 'ਤੇ ਨੀਲੇ ਰੰਗ ਦੀ ਚਿੜੀ ਘਬਰਾਈ ਜਿਹੀ ਬੈਠੀ ਸੀ। ਕਾਲ਼ੀ ਚਿੜੀ ਨੇ ਉਸਨੂੰ ਬਹੁਤ ਪਿਆਰ ਨਾਲ਼ ਬੁਲਾਇਆ ਅਤੇ ਆਪਣੇ ਆਲ੍ਹਣੇ ਵਿੱਚ ਰਹਿਣ ਦਾ ਸੱਦਾ ਦਿੱਤਾ। ਦੋਨੋਂ ਚਿੜੀਆਂ ਖੁਸ਼ੀ-ਖੁਸ਼ੀ ਇਕੱਠੀਆਂ ਰਹਿਣ ਲੱਗੀਆਂ।

1. ਕਾਲ਼ੀ ਚਿੜੀ ਦਾ ਆਲ੍ਹਣਾ ਕਿਸ ਰੁੱਖ 'ਤੇ ਸੀ ?

ੳ) ਪਿੱਪਲ਼ | ਅ) ਨਿੰਮ
ੲ) ਬੋਹੜ | ਸ) ਜਾਮਣ

2. ਕਾਲ਼ੀ ਚਿੜੀ ਰਾਤ ਨੂੰ ਉਦਾਸ ਕਿਉਂ ਹੋ ਜਾਂਦੀ ਸੀ ?

ੳ) ਜ਼ਿਆਦਾ ਉੱਡਣ ਕਰਕੇ | ਅ) ਇਕੱਲੀ ਹੋਣ ਕਰਕੇ
ੲ) ਕਾਲ਼ਾ ਰੰਗ ਹੋਣ ਕਾਰਨ | ਸ) ਆਲ੍ਹਣਾ ਛੋਟਾ ਹੋਣ ਕਾਰਨ

3. 'ਚੋਗੇ' ਸ਼ਬਦ ਦਾ ਕੀ ਅਰਥ ਹੈ?

ੳ) ਚੁਗਣਾ | ਅ) ਭੋਜਨ
ੲ) ਚੰਗਾ | ਸ) ਕੋਈ ਨਹੀਂ

4. ਜੇਕਰ 'ਚਿੜੀ' ਤੋਂ 'ਚਿੜੀਆਂ' ਹਨ ਤਾਂ 'ਕੀੜੀ' ਤੋਂ ਕੀ ਹੋਵੇਗਾ?

ੳ) ਕੀੜਾ | ਅ) ਕੀੜੇ
ੲ) ਕੀੜੀਆਂ | ਸ) ਕੀੜਿਆਂ

5. ਪੈਰੇ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ ?

ੳ) ਕਿਸੇ ਦੀ ਮਦਦ ਨਹੀਂ ਕਰਨੀ ਚਾਹੀਦੀ। ਅ) ਆਲ੍ਹਣਾ ਦਰਖ਼ਤ 'ਤੇ ਹੀ ਬਣਾਉਣਾ ਚਾਹੀਦਾ ਹੈ।

ੲ) ਕਰ ਭਲਾ, ਹੋ ਭਲਾ। ਸ) ਉਪਰੋਕਤ ਕੋਈ ਨਹੀਂ।

**ਹੇਠਾਂ ਦਿੱਤੀ ਸੂਚੀ ਨੂੰ ਧਿਆਨ ਨਾਲ਼ ਦੇਖੋ:-**

| ਲੜੀ ਨੰ: | ਵਿਦਿਆਰਥੀ ਦਾ ਨਾਮ | ਮਨਪਸੰਦ ਖੇਡ/ਲੋਕ-ਖੇਡ |
|---|---|---|
| 1 | ਨਵਪ੍ਰੀਤ ਸਿੰਘ | **ਕੋਟਲਾ ਛਪਾਕੀ** |
| 2 | ਜੋਤੀ | **ਗੁੱਲੀ ਡੰਡਾ** |
| 3 | ਜਸਕੀਰਤ ਕੌਰ | **ਈਂਗਣ-ਮੀਂਗਣ** |
| 4 | ਵੰਸ਼ | **ਕੋਟਲਾ ਛਪਾਕੀ** |
| 5 | ਨਵਦੀਪ ਸਿੰਘ | **ਪਿੱਠੂ ਗਰਮ** |
| 6 | ਸ਼ੋਇਬ | **ਬਾਂਦਰ ਕਿੱਲਾ** |

**ਨਿਮਨ ਲਿਖਤ ਪ੍ਰਸ਼ਨਾਂ ਦੇ ਉੱਤਰਾਂ ਲਈ ਸਹੀ ਵਿਕਲਪ** 'ਤੇ ਚੱਕਰ **ਲਾਓ:-**

6. ਕਿਹੜੀ ਖੇਡ ਦੋ ਵਿਦਿਆਰਥੀਆਂ ਦੀ ਮਨਪਸੰਦ ਖੇਡ ਹੈ?

ੳ) ਪਿੱਠੂ ਗਰਮ ਅ) ਗੁੱਲੀ ਡੰਡਾ

ੲ) ਬਾਂਦਰ ਕੀਲਾ ਸ) ਕੋਟਲਾ ਛਪਾਕੀ

7. ਬਾਂਦਰ ਕੀਲਾ ਖੇਡ ਕਿਸਦੀ ਮਨਪਸੰਦ ਖੇਡ ਹੈ ?

ੳ) ਵੰਸ਼ ਅ) ਸ਼ੋਇਬ

ੲ) ਜੋਤੀ ਸ) ਨਵਪ੍ਰੀਤ ਸਿੰਘ

8. ਕਿੰਨੇ ਬੱਚਿਆਂ ਨੇ ਮਨਪਸੰਦ ਖੇਡ ਬਾਰੇ ਦੱਸਿਆ ਹੈ?

ੳ) ਚਾਰ ਅ) ਪੰਜ

ੲ) ਛੇ ਸ) ਸੱਤ

9. ਸੂਚੀ ਵਿੱਚ ਕਿੰਨੇ ਮੁੰਡੇ ਅਤੇ ਕਿੰਨੀਆਂ ਕੁੜੀਆਂ ਹਨ?

ੳ) 3 ਮੁੰਡੇ 3 ਕੁੜੀਆਂ ਅ)2 ਮੁੰਡੇ 4 ਕੁੜੀਆਂ

ੲ) 4 ਮੁੰਡੇ 2 ਕੁੜੀਆਂ ਸ)1 ਮੁੰਡਾ 5 ਕੁੜੀਆਂ

10. ਸੂਚੀ ਵਿੱਚ ਦਰਜ ਖੇਡਾਂ ਨੂੰ ਹੋਰ ਕਿਸ ਨਾਮ ਨਾਲ਼ ਜਾਣਿਆ ਜਾਂਦਾ ਹੈ?

ੳ) ਅੰਤਰ-ਰਾਸ਼ਟਰੀ ਖੇਡਾਂ ਅ) ਰਾਸ਼ਟਰੀ ਖੇਡਾਂ

ੲ) ਰਾਜਖੇਡਾਂ ਸ) ਲੋਕ ਖੇਡਾਂ

**ਹੇਠਾਂ ਦਿੱਤੇ ਵਾਰਤਾਲਾਪ ਨੂੰ ਧਿਆਨ ਨਾਲ਼ ਪੜ੍ਹੋ:-**

ਇੱਕ ਵਾਰ ਚਾਰ ਦੋਸਤ ਜੰਗਲ਼ ਵਿੱਚ ਜਾ ਰਹੇ ਸਨ। ਰਾਤ ਹੋਣ ਵਾਲ਼ੀ ਸੀ ਅਤੇ ਮੀਂਹ ਵੀ ਪੈ ਰਿਹਾ ਸੀ।

ਰਾਜ : ਮੈਨੂੰ ਛੋਟੇ ਬੱਚੇ ਦੇ ਰੋਣ ਦੀ ਆਵਾਜ਼ ਆ ਰਹੀ ਹੈ।

ਅਮਨ : ਦੇਖੋ , ਦੇਖੋ ਝਾੜੀਆਂ ਵਿੱਚ ਬਿੱਲੀ ਦਾ ਬੱਚਾ ਫਸਿਆ ਹੋਇਆ ਹੈ।

ਰਮਨ : ਚਲੋ, ਇਸਨੂੰ ਘਰ ਲੈ ਜਾਂਦੇ ਹਾਂ। ਇਹ ਤਾਂ ਮੀਂਹ ਵਿੱਚ ਬੁਰੀ ਤਰ੍ਹਾਂ ਭਿੱਜ ਗਿਆ ਹੈ।

ਵੀਰ : ਮੈਂ ਨਹੀਂ ਲੈ ਕੇ ਜਾਵਾਂਗਾ, ਮੇਰੇ ਮੰਮੀ ਗੁੱਸਾ ਕਰਨਗੇ।

ਅਮਨ : ਮੈਨੂੰ ਤਾਂ ਬਲੂੰਗੜੇ ਬੜੇ ਹੀ ਪਿਆਰੇ ਲੱਗਦੇ ਨੇ , ਮੈਂ ਇਸਨੂੰਪਾਲ਼ ਲਵਾਂਗਾ।

ਰਾਜ : ਨਾ ਬਈ ਨਾ ! ਇਹ ਤਾਂ ਨਿੱਕਾ ਬੱਚਾ ਹੈ। ਇਸਦੀ ਮਾਂ ਇਸਨੂੰ ਲੱਭਣ ਲਈ ਪਰੇਸ਼ਾਨ ਹੋਵੇਗੀ। ਚਲੋ!ਅੱਜ ਇਸਦੀ ਘਰ ਲਿਜਾਕੇ ਸੰਭਾਲ਼ ਕਰੀਏ। ਕੱਲ੍ਹ ਇਹਨੂੰ ਇੱਥੇ ਹੀ ਛੱਡ ਜਾਵਾਂਗੇ।

**ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰਾਂ ਲਈ ਸਹੀ ਵਿਕਲਪ 'ਤੇ** ਚੱਕਰ **ਲਾਓ:-**

11. ਕਿਸ ਚੀਜ਼ ਦੀ ਅਵਾਜ਼ ਆ ਰਹੀ ਸੀ ?

ੳ) ਹੱਸਣ ਦੀ ਅ) ਰੋਣ ਦੀ

ੲ) ਮੀਂਹ ਪੈਣ ਦੀ ਸ) ਚੀਕਣ ਦੀ

12. ਬਿੱਲੀ ਦੇ ਬੱਚੇ ਨੂੰ ਕੀ ਕਹਿੰਦੇ ਹਨ ?

ੳ) ਮੇਮਣਾ ਅ) ਕਤੂਰਾ

ੲ) ਬਲੂੰਗੜਾ ਸ) ਚੂਚਾ

13. ਕੌਣ ਬਲੂੰਗੜੇ ਨੂੰ ਘਰ ਨਹੀਂ ਲੈ ਕੇ ਜਾਣਾ ਚਾਹੁੰਦਾ ਸੀ ?

ੳ) ਰਾਜ ਅ) ਰਮਨ

ੲ) ਅਮਨ ਸ) ਵੀਰ

14."ਇਸਦੀ ਮਾਂ ਇਸਨੂੰ ਲੱਭਣ ਲਈ ਪਰੇਸ਼ਾਨ ਹੋਵੇਗੀ।" ਇਹ ਸ਼ਬਦ ਕਿਸਨੇ ਕਹੇ ?

ੳ) ਰਮਨ ਨੇ  ਅ) ਅਮਨ ਨੇ

ੲ) ਰਾਜ ਨੇ  ਸ) ਵੀਰ ਨੇ

15. ਵੀਰ ਨੇ ਬਲੂੰਗੜੇ ਨੂੰ ਘਰ ਲਿਜਾਣ ਤੋਂ ਮਨ੍ਹਾ ਕਿਉਂ ਕੀਤਾ ?

ੳ) ਬਲੂੰਗੜਾ ਭਾਰੀ ਸੀ  ਅ) ਮੰਮੀ ਦੇ ਗੁੱਸੇ ਕਰਕੇ

ੲ) ਪਾਪਾ ਦੇ ਗੁੱਸੇ ਕਰਕੇ  ਸ) ਉਸ ਦਾ ਆਪਣਾ ਮਨ ਨਹੀਂ ਸੀ


**16. ਹੇਠਾਂ ਦਿਖਾਏ ਕਰੰਸੀ ਨੋਟਾਂ ਨਾਲ ਬਣਦੀ ਸੰਖਿਆ ਦੱਸੋ :-**



**ੳ) ਚਾਰ ਸੌ ਤਿੰਨ**  **ਅ) ਚੌਂਤੀ**

**ੲ) ਤਿੰਨ ਸੌ ਚਾਰ**  **ਸ) ਤਿੰਨ ਸੌ ਚਾਲ਼ੀ**


**17. ਹੇਠਾਂ ਦਿੱਤੀ ਤਸਵੀਰ ਅਨੁਸਾਰ ਸੈਂਕੜੇ ਦੇ ਸਥਾਨ ਦਾ ਅੰਕ ਦੱਸੋ:**



**ੳ)** 3  ਅ) 6

ੲ) 5  ਸ) 2

18. ਹੇਠਾਂ ਦਿਖਾਏ ਗਿਣਤਾਰੇ ਅਨੁਸਾਰ ਸੈਂਕੜੇ ਦੇ ਸਥਾਨ ਦੇ ਅੰਕ ਦਾ ਸਥਾਨਕ ਮੁੱਲ ਦੱਸੋ:




ੳ) 20 ਅ) 40

ੲ) 400 ਸ) 600

19. ਪੰਜ ਦਹਾਈਆਂ ਅਤੇ ਚਾਰ ਇਕਾਈਆਂ ਨਾਲ਼ ਮਿਲ ਕੇ ਕਿਹੜੀ ਸੰਖਿਆ ਬਣਦੀ ਹੈ:

ੳ) 45 ਅ) 54

ੲ) 504 ਸ) 405

20. 4 ਸੈਂਕੜੇ = ____________ ਇਕਾਈਆਂ

ੳ) 4 ਅ) 40

ੲ) 400 ਸ) 4000

21. ਤਰਲੀਨ ਦੇ ਘਰ ਦਾ ਨੰਬਰ ਦੱਸੋ:




ੳ) ਪੱਚੀ ਅ) ਪੰਜ ਸੌ ਬਾਈ


ੲ) ਦੌ ਸੌ ਪੱਚੀ ਸ) ਦੋ ਹਜ਼ਾਰ ਪੱਚੀ

22. ਮੈਂ ਦੋ ਅੰਕਾਂ ਦੀ ਸੰਖਿਆ ਹਾਂ। ਮੇਰਾ ਦਹਾਈ ਦਾ ਅੰਕ ਇਕਾਈ ਦੇ ਅੰਕ ਤੋਂ ਅੱਧਾ ਹੈ ਜੇ ਇਕਾਈ ਦਾ ਅੰਕ 8 ਹੈ ਤਾਂ ਸੰਖਿਆ ਦੱਸੋ

ੳ) 48 ਅ) 28

ੲ) 42 ਸ) 84

23. ਹੇਠਾਂ ਦਿਖਾਏ ਵੱਖ-ਵੱਖ ਕਾਰਡ ਦੀ ਵਰਤੋਂ ਨਾਲ ਬਣਨ ਵਾਲ਼ੀ ਸੰਖਿਆ ਦੱਸੋ।




ੳ) ਅੱਠ ਸੌ ਪੰਜ ਅ) ਪੰਜ ਸੌ ਅਠਾਰਾਂ

ੲ) ਅੱਠ ਸੌ ਪੰਦਰਾਂ ਸ) ਪੰਜ ਸੌ ਅੱਠ

24. ਵੱਖ-ਵੱਖ ਬੱਚਿਆਂ ਕੋਲ਼ ਕੁਝ ਕਰੰਸੀ ਨੋਟ ਹਨ। ਕਰੰਸੀ ਨੋਟਾਂ ਦੇ ਮੁੱਲ਼ ਅਨੁਸਾਰ ਦੱਸੋ ਕਿ ਸਭ ਤੋਂ ਘੱਟ ਕਿੰਨੇ ਰੁਪਏ ਹਨ?

ਅਨਮੋਲ



ਪਰਮਿੰਦਰ



ਮਨਜੀਤ



ਰੁਪਿੰਦਰ



ੳ ) 21 ਅ ) 22

ੲ) 42 ਸ) 20


25. ਹੇਠਾਂ ਦਿਖਾਏ ਖਿਡੌਣਿਆਂ ਦੇ ਮੁੱਲ ਨੂੰ ਦੇਖਦੇ ਹੋਏ ਵੱਧਦੇ ਮੁੱਲ ਅਨੁਸਾਰ ਸਹੀ ਉੱਤਰ ਚੁਣੋ:-

| | | | |
|---|---|---|---|
|  |  |  |  |
| ₹ 895 | ₹ 720 | ₹ 270 | ₹ 985 |

ੳ) ₹ 985, ₹ 895 , ₹ 720 , ₹ 270 ਅ) ₹ 985, ₹ 720 , ₹ 895 , ₹ 270

ੲ) ₹ 270, ₹ 895 , ₹ 720 , ₹ 985 ਸ) ₹ 270 , ₹ 720 , ₹ 895 , ₹ 985


26. ਗੁਰਪ੍ਰੀਤ ਨੇ 317+49 ਲਈ ਇੱਕ ਸੰਖਿਆ ਨੂੰ ਤੋੜ ਕੇ ਹੱਲ ਕੀਤਾ।ਹੱਲ ਕਰਨ ਤੋਂ ਬਾਅਦ ਆਇਆ ਸਹੀ ਉੱਤਰ ਦੱਸੋ:

317+49 = 


ੳ) 366 ਅ) 466

ੲ) 467 ਸ) 566

27.20 ਤੋਂ ਸ਼ੁਰੂ ਕਰ ਕੇ ਅੱਗੇ ਵੱਲ 20-20 ਦੀਆਂ ਛਾਲ਼ਾਂ ਮਾਰਦੇ ਹੋਏ ਡੱਡੂ ਸੰਖਿਆ 60 'ਤੇ ਕਿੰਨਵੀਂ ਛਾਲ਼'ਤੇ ਪਹੁੰਚੇਗਾ?




ੳ) ਪਹਿਲੀ ਅ) ਦੂਜੀ

ੲ) ਤੀਜੀ ਸ) ਚੌਥੀ

28. ਅਵਨੀਤ ਕੋਲ਼ 200 ਰੁਪਏ ਸੀ। ਉਸਨੇ ਬਜ਼ਾਰ ਤੋਂ ਹੇਠਾਂ ਦਿਖਾਇਆ ਸਾਮਾਨ ਖ਼ਰੀਦਣਾ ਹੈ।ਉਸਨੂੰ ਸਾਮਾਨ ਖ਼ਰੀਦਣ ਲਈ ਹੋਰ ਕਿੰਨੇ ਧਨ ਦੀ ਲੋੜ ਹੈ?




ੳ) 200 ਰੁਪਏ ਅ) 100 ਰੁਪਏ


ੲ) 150 ਰੁਪਏ ਸ) 250 ਰੁਪਏ

**29.** ਖ਼ਾਲੀ ਥਾਂ ਲਈ ਉਚਿਤ ਚਿੰਨ੍ਹ ਦੱਸੋ:

400____300 = 600 ਤੋਂ 800 ਦੇ ਵਿਚਕਾਰ

ੳ) ÷ ਅ) - ੲ) + ਸ) X

30. ਖ਼ਾਲੀ ਥਾਵਾਂ ਭਰਨ ਲਈ ਸਹੀ ਉੱਤਰ ਚੁਣੋ:




ੳ)42 ਅ)36

ੲ)78 ਸ)52

31. ਤੁਹਾਡੇ ਮਾਮਾ ਜੀ ਤੁਹਾਡੇ ਨਾਨਾ ਜੀ ਦੇ ਕੀ ਲੱਗਦੇ ਹਨ?

ੳ) ਭਤੀਜਾ ਅ) ਪੁੱਤਰ

ੲ) ਭਾਣਜਾ ਸ) ਦੋਹਤਾ

32. ਤੁਹਾਡੇ ਪਿਤਾ ਜੀ ਦੇ ਵੱਡੇ ਭਰਾ ਤੁਹਾਡੇ ਕੀ ਲੱਗਦੇ ਹਨ?

ੳ) ਮਾਮਾਜੀ ਅ) ਤਾਇਆ ਜੀ

ੲ) ਚਾਚਾ ਜੀ ਸ) ਮਾਸੜ ਜੀ

33. ਤੁਸੀਂ ਅਪਣੇ ਪਿਤਾ ਜੀ ਦੀ ਭੈਣ ਨੂੰ ਕੀ ਕਹਿੰਦੇ ਹੋ?

ੳ) ਮਾਸੀ ਜੀ ਅ) ਭੈਣ ਜੀ

ੲ) ਭੂਆ ਜੀ ਸ) ਦਾਦੀਜੀ

34. ਘਰ ਵਿੱਚ ਸਾਫ਼ –ਸਫ਼ਾਈ ਰੱਖਣਾਕਿਸਦੀ ਜ਼ੁੰਮੇਵਾਰੀਹੈ?

ੳ) ਪਿਤਾ ਜੀ ਦੀ ਅ) ਮਾਤਾ ਜੀ ਦੀ

ੲ) ਵੱਡੇ ਭਰਾ ਭੈਣ ਦੀ ਸ) ਪਰਿਵਾਰ ਦੇ ਸਾਰੇ ਮੈਂਬਰਾਂ ਦੀ

35. ਸਾਨੂੰ......................ਆਦਰ ਸਤਿਕਾਰ ਕਰਨਾ ਚਾਹੀਦਾਹੈ।

ੳ) ਆਪਣੇ ਦਾਦਾ ਦਾਦੀ ਜੀ ਅ) ਆਪਣੇ ਨਾਨਾ ਨਾਨੀ ਦਾ

ੲ) ਪਰਿਵਾਰ ਦੇ ਬਜ਼ੁਰਗਾਂ ਦਾ ਸ) ਸਾਰੇ ਬਜ਼ੁਰਗਾਂ ਦਾ

**36.** ਸਾਨੂੰ ਤਿਉਹਾਰ ਆਪਣੇ ਦੋਸਤਾਂ/ ਰਿਸ਼ਤੇਦਾਰਾਂਨਾਲ ਰਲ਼ ਕੇ ਮਨਾਉਣੇ ਚਾਹੀਦੇ ਹਨ।

ੳ) ਇਸ ਨਾਲ਼ ਪਿਆਰ ਵਧਦਾ ਹੈ ਅ) ਬਹੁਤ ਮਜ਼ਾ ਆਉਂਦਾ ਹੈ

ੲ) ਇਹ ਆਪਸੀ ਰਿਸ਼ਤਿਆਂ ਨੂੰ ਮਜ਼ਬੂਤ ਕਰਦਾ ਹੈ ਸ) ਉਪਰੋਕਤ ਸਾਰੇ

**37.** ਤੁਸੀਂ ਆਪਣੇ ਦਾਦਾ-ਦਾਦੀ ਦੀ ਮਦਦ ਕਿਵੇਂ ਕਰ ਸਕਦੇ ਹੋ?

ੳ) ਲੋੜ ਪੈਣ ‘ਤੇ ਪਾਣੀ ਦੇ ਕੇ ਅ) ਉਨ੍ਹਾਂ ਨਾਲ਼ ਸਮਾਂ ਬਿਤਾ ਕੇ

ੲ) ਉਨ੍ਹਾਂ ਦੇ ਪੈਸੇ ਖ਼ਰਚ ਕੇ ਸ) (ੳ) ਅਤੇ (ਅ) ਦੋਵੇਂ

38.ਤੁਹਾਡਾ ਦੋਸਤ ਬੰਟੀ ਰੋਜ਼ ਸਕੂਲ ਵਿੱਚ ਖਾਣਾ ਖਾਂਦੇ ਸਮੇਂ ਖਾਣਾ ਜੂਠਾ ਛੱਡ ਦਿੰਦਾ ਹੈ।ਤੁਹਾਨੂੰ ਕੀ ਕਰਨਾ ਚਾਹੀਦਾ ਹੈ?

ੳ) ਉਸਦਾ ਜੂਠਾ ਖਾਣਾ ਤੁਸੀਂ ਖਾ ਲਵੋਗੇ।

ਅ) ਬਚਿਆ ਖਾਣਾ ਕਿਸੇ ਹੋਰ ਦੀ ਥਾਲ਼ੀ ਵਿੱਚ ਪਾਉਣ ਲਈ ਕਹੋਗੇ।

ੲ) ਕੂੜੇ ਦਾਨ ਵਿੱਚ ਪਾਉਣ ਲਈ ਕਹੋਗੇ।

ਸ) ਜ਼ਰੂਰਤ ਅਨੁਸਾਰ ਖਾਣਾ ਪਵਾਉਣ ਦੀ ਸਲਾਹ ਦੇਵੋਗੇ।

39.ਸਕੂਲ ਵਿਚ ਛੁੱਟੀ ਤੋਂ ਬਾਅਦ ਜਿਹੜਾ ਪਾਣੀ ਤੁਹਾਡੀ ਬੋਤਲ ਵਿਚ ਬਚ ਜਾਂਦਾ ਹੈ। ਉਸ ਤੋਂ ਸਭ ਤੋਂ ਚੰਗਾ ਪ੍ਰਯੋਗ ਕੀ ਹੋ ਸਕਦਾ ਹੈ?

ੳ) ਪਾਣੀ ਕਿਤੇ ਵੀ ਸੁੱਟ ਕੇ। ਅ) ਪਾਣੀ ਆਪਣੇ ਦੋਸਤਾਂ 'ਤੇ ਸੁੱਟ ਕੇ।

ੲ) ਪਾਣੀ ਨਾਲ਼ ਖੇਡ ਕੇ ਸ) ਪਾਣੀ ਪੌਦਿਆਂ ਨੂੰ ਦੇ ਕੇ।

40. ਹੇਠ ਦਿੱਤੇ ਕੰਮਾਂ ਵਿੱਚੋਂ ਕਿਹੜਾ ਕੰਮ ਕੁੜੀਆਂ ਕਰ ਸਕਦੀਆਂ ਹਨ. ?

ੳ) ਬਜ਼ਾਰ ਵਿੱਚੋਂ ਸਾਮਾਨ ਲੈਕੇ ਆਉਣਾ ਅ) ਰੋਟੀ ਬਣਾਉਣਾ

ੲ) ਘਰ ਦੀ ਸਾਂਭ-ਸੰਭਾਲ਼ ਸ) ਉਪਰੋਕਤ ਸਾਰੇ

41. ਤੁਸੀਂ ਦੇਖਿਆ ਕਿ ਤੁਹਾਡੇ ਦੋਸਤ ਨੇ ਹੱਥ ਧੋ ਕੇ ਟੂਟੀ ਖੁੱਲ੍ਹੀ ਛੱਡ ਦਿੱਤੀ ਹੈ, ਤੁਸੀ ਕੀ ਕਰੋਗੇ?

ੳ) ਅਧਿਆਪਕ ਨੂੰ ਸ਼ਿਕਾਇਤ ਕਰੋਗੇ। ਅ) ਪਹਿਲਾਂ ਉਸਨੂੰ ਸਮਝਾਓਗੇ

ੲ) ਪਹਿਲਾਂ ਟੂਟੀ ਬੰਦ ਕਰੋਗੇ, ਫਿਰ ਉਸਨੂੰ ਸਮਝਾਉਗੇ ਸ) ਪਾਣੀ ਨਾਲ ਖੇਡੋਗੇ ।

42.ਕੂੜਾ–ਕਰਕਟ ਕਿੱਥੇ ਸੁੱਟਣਾ ਚਾਹੀਦਾ ਹੈ?

ੳ) ਘਰ ਦੇ ਬਾਹਰ ਅ) ਕੂੜੇਦਾਨ ਵਿੱਚ

ੲ) ਛੱਤ ‘ਤੇ ਸ) ਨਾਲ਼ੀਆਂ ਵਿੱਚ

43. ਘੱਟ ਤੋਂ ਘੱਟ ਕੂੜਾ ਕਰਕਟ ਪੈਦਾ ਹੋਵੇ,ਇਸ ਲਈ ਸਾਨੂੰ ਪਾਲੀਥੀਨ ਦੇ ਲਿਫ਼ਾਫ਼ੇ:

ੳ) ਵੱਧ ਵਰਤਣੇ ਚਾਹੀਦੇ ਹਨ। ਅ) ਸੜਕ ‘ਤੇ ਸੁੱਟ ਦੇਣੇ ਚਾਹੀਦੇ ਹਨ।

ੲ) ਘੱਟ ਵਰਤਣੇ ਚਾਹੀਦੇ ਹਨ । ਸ) ਖ਼ਰੀਦਣੇ ਚਾਹੀਦੇ ਹਨ।

44.ਫਲਾਂਤੇ ਸਬਜ਼ੀਆਂ ਦੇ ਛਿੱਲੜ, ਪੱਤੇ ਆਦਿ ਨੂੰ ਟੋਏ ਵਿੱਚ ਦੱਬ ਕੇ.....................ਤਿਆਰ ਕੀਤੀ ਜਾਂਦੀ ਹੈ।

ੳ) ਰੂੜੀ ਖਾਦ
ਅ) ਪਸ਼ੂਆਂ ਦਾ ਚਾਰਾ
ੲ) ਦਵਾਈ
ਸ) ਰਸਾਇਣਿਕ ਖਾਦ

45. ਸਵੱਛਤਾ ਦਾ ਕੀ ਮਤਲਬ ਹੈ?

ੳ) ਸਾਫ਼-ਸਫ਼ਾਈ ਰੱਖਣਾ
ਅ) ਗੰਦਗੀ ਫੈਲਾਉਣਾ
ੲ) ਸਜਾਵਟ
ਸ) ਖ਼ੁਸ਼ ਰਹਿਣਾ